# ਪ੍ਰੋ. ਹਰਭਜਨ ਸਿੰਘ ਨਾਲ ਇੱਕ ਮੁਲਾਕਾਤ



? ਅਜਮੇਰ ਸਿੱਧੂ-ਪ੍ਰੋ. ਹਰਭਜਨ ਸਿੰਘ ਜੀ, ਪੰਜਾਬੀ ਰਚਨਾਤਮਕਤਾ ਦੇ ਖੇਤਰ ਵਿੱਚ ਤੁਸੀਂ ਨਿਵੇਕਲੀ ਸਾਹਿਤ ਸੰਵੇਦਨਾ ਨਾਲ ਕਾਰਜਸ਼ੀਲ ਹੋ। ਇਸ ਸਾਹਿਤ ਸੰਵੇਦਨਾ ਦੇ ਮੁੱਢਲੇ ਨਕਸ਼ ਪਛਾਣਨ ਲਈ ਅਸੀਂ ਤੁਹਾਡੇ ਜੀਵਨ ਸਫ਼ਰ ਦੇ ਉਹ ਨਿਆਰੇ ਪਹਿਲੂ ਜਾਣਨਾ ਚਾਹਾਂਗੇ, ਜਿਨ੍ਹਾਂ ਨੇ ਤੁਹਾਨੂੰ ਇਹ ਪਰਿਪੇਖ ਦਿੱਤੇ?
o ਪ੍ਰੋ. ਹਰਭਜਨ ਸਿੰਘ-ਮੇਰੇ ਵਿਚਾਰ ਅਨੁਸਾਰ ਸੰਵੇਦਨਾ ਦਾ ਆਧਾਰ ਵੀ ਚੇਤਨਾ ਹੀ ਹੁੰਦਾ ਹੈ, ਜਿਸਦਾ ਆਧਾਰ ਚਿੰਤਨ, ਅਧਿਐਨ ਅਤੇ ਅਨੁਭਵ ਹੁੰਦਾ ਹੈ। ਇਸੇ ਕਰਕੇ ਸਿਰਫ਼ ਮਿੱਠੀ ਪਿਆਰੀ ਹੀ ਨਹੀਂ, ਕੌੜੀ-ਕੁਸੈਲੀ ਵੀ ਹੁੰਦੀ ਹੈ ਸੰਵੇਦਨਾ....ਤੇ ਤੁਹਾਨੂੰ ਪਤਾ ਮੈਂ ਤਲਵਾਰ ਦੀ ਧਾਰ ਤੇ ਤੁਰਦਾ-ਤੁਰਦਾ ਸਾਹਿਤ ਸਿਰਜਣਾ ਦੇ ਰਾਹ ਵੱਲ ਮੁੜਿਆ ਹਾਂ। ਤੁਸੀਂ ਇਸ ਨੂੰ ਮੇਰੇ ਜੀਵਨ ਦਾ ਨਿਆਰਾ ਅਤੇ ਨਿਵੇਕਲਾ ਪਹਿਲੂ ਵੀ ਕਹਿ ਸਕਦੇ ਹੋ, ਪਰ ਮੇਰੇ ਲਈ ਇਹ ਸਥਿਤੀ, ਇਹ ਤਬਦੀਲੀ, ਇਹ ਰੂਪਾਂਤਰਨ ਜ਼ੋਖਮ ਭਰਿਆ ਰਿਹਾ ਹੈ। ਇਸ ਤਲਖ਼ ਹਕੀਕਤ ਦੀ ਅਭਿਵਿਅਕਤੀ ਮੇਰੇ ਰਚੇ ਮੁਢਲੇ ਸਾਹਿਤ ਵਿੱਚ ਵਾਰ-ਵਾਰ ਹੋਈ ਹੈ। ਤ੍ਰੈ-ਲੜੀ ਨਾਵਲ 'ਜੋ ਹਾਰੇ ਨਹੀਂ' ਅਤੇ ਮੇਰੀਆਂ ਕਹਾਣੀਆਂ 'ਮੈਂ ਬਾਜ਼ ਤੇ ਸਰਸਵਤੀ', 'ਚੱਲ ਚੁੱਕੇ ਕਾਰਤੂਸ', 'ਮੂਸਾ ਭੱਜਾ ਮੌਤ ਤੋਂ", 'ਬਿਨ ਸਿੰਗੇ ਸਾਨ੍ਹ' ਆਦਿ ਵਿੱਚ ਵੀ ਮੇਰੇ ਜੀਵਨ ਸਫ਼ਰ ਦੇ ਇਹ ਯਥਾਰਥਕ ਪਹਿਲੂ ਕਿਸੇ ਨਾ ਕਿਸੇ ਰੂਪ ਵਿੱਚ ਪੇਸ਼ ਹੋਏ ਹਨ।

? ਇਨਕਲਾਬੀ ਜੀਵਨ ਦੇ ਮੁਕਾਬਲੇ ਇੱਕ ਲੇਖਕ ਬਣਕੇ ਤੁਸੀਂ ਕਿੰਝ ਮਹਿਸੂਸ ਕਰ ਰਹੇ ਹੋ ?
o ਸਰਗਰਮ ਇਨਕਲਾਬੀ ਜੀਵਨ ਤੋਂ ਪਿੱਛੇ ਹਟ ਕੇ, ਸਿਰਫ਼ ਇਕ ਲੇਖਕ ਬਣ ਕੇ, ਮੈਂ ਇੰਝ ਮਹਿਸੂਸ ਕਰਦਾ ਰਿਹਾ ਹਾਂ ਕਿ ਜਿਵੇਂ ਮੇਰੇ ਅੰਦਰੋਂ ਕੁੱਝ ਮਨਫ਼ੀ ਹੋ ਗਿਆ ਹੋਵੇ। ਲੇਖਕ ਬਣ ਕੇ ਵੀ ਮੈਂ ਇਨਕਲਾਬ ਦੇ ਸੁਪਨੇ ਨੂੰ ਤਿਆਗ ਨਹੀਂ ਸਕਿਆ ਹਾਂ। ਮੈਂ ਤਾਂ ਸਗੋਂ ਉਨ੍ਹਾਂ ਬਿਰਤਾਂਤ-ਵਿਧੀਆਂ ਤੇ ਪ੍ਰਤੱਖਣ ਵਿਧੀਆਂ ਦੀ ਖੋਜ-ਪੂਰਨ ਜਗਿਆਸਾ ਨਾਲ ਭਰਿਆ ਪਿਆ ਹਾਂ ਜਿਨ੍ਹਾਂ ਰਾਹੀਂ ਮੈਂ ਇਸ ਇਨਕਲਾਬੀ ਕਾਜ ਨੂੰ ਹੋਰ ਵੀ ਕਾਰਗਰ ਰੂਪ ਵਿੱਚ ਤੇ ਕਲਾਤਮਕ ਢੰਗ ਨਾਲ ਆਪਣੀਆਂ ਰਚਨਾਵਾਂ ਵਿੱਚ ਸਮਾ ਸਕਾਂ ਤੇ ਸਹਿਜ-ਸੁਭਾਅ ਢੰਗ ਨਾਲ ਪੇਸ਼ ਕਰ ਸਕਾਂ।

? ਪ੍ਰੋ. ਸਾਹਿਬ ਤੁਹਾਡਾ ਇਹ ਜੀਵਨ ਸਫ਼ਰ ਆਮ ਨਾਲੋਂ ਵਧੇਰੇ ਵਿਸ਼ੇਸ਼ ਤੇ ਵੱਖਰੇ ਅਨੁਭਵ ਨਾਲ ਲੈੱਸ ਹੈ। ਇਹ ਅਨੁਭਵ ਤੁਹਾਡੀਆਂ ਸੋਝੀਆਂ ਨੂੰ ਕਿਨ੍ਹਾਂ ਅਰਥਾਂ ਵਿੱਚ ਪ੍ਰਭਾਵਿਤ ਕਰ ਰਹੇ ਹਨ?
o ਜਿਥੋਂ ਤੱਕ ਅਨੁਭਵ ਤੋਂ ਉਤਪੰਨ ਹੋਈਆਂ ਸੋਝੀਆਂ ਦਾ ਸਵਾਲ ਹੈ-ਮੇਰਾ ਵਿਚਾਰ ਹੈ ਕਿ ਹਰ ਵਿਅਕਤੀ ਆਪਣੀ ਜ਼ਿੰਦਗੀ ਵਿੱਚ ਹਜ਼ਾਰਾਂ ਅਜਿਹੀਆਂ ਘਟਨਾਵਾਂ ਅਤੇ ਸਥਿਤੀਆਂ ਵਿਚੋਂ ਗੁਜ਼ਰਦਾ ਹੈ, ਜਿਸ ਵਿਚੋਂ ਉਹ ਨਵੀਂ ਚੇਤਨਾ ਤੇ ਸੋਝੀਆਂ ਪ੍ਰਾਪਤ ਕਰਦਾ ਹੈ ਪਰ ਇਨਕਲਾਬੀ ਜੀਵਨ ਦੀਆਂ ਸਰਗਰਮੀਆਂ ਆਮ ਆਦਮੀ ਨਾਲੋਂ ਕਿਤੇ ਵੱਧ ਵੰਗਾਰਵੀਆਂ, ਖ਼ੂੰਖਾਰ ਤੇ ਜਰਖੇਜ਼ ਹੁੰਦੀਆਂ ਹਨ। ਸਫਲਤਾਵਾਂ-ਅਸਫਲਤਾਵਾਂ, ਜਿੱਤਾਂ-ਹਾਰਾਂ, ਦਵੰਦ, ਤਣਾਅ, ਖੱਤਰੇ, ਖ਼ਦਸ਼ੇ, ਸਦਮੇ, ਦੁਸਾਹਸ, ਉਤਰਾਅ-ਚੜ੍ਹਾਅ, ਕੁਰਬਾਨੀਆਂ, ਸ਼ਹਾਦਤਾਂ....ਇਤਿਆਦੀ ਅਣਗਿਣਤ ਪਹਿਲੂ ਅਜਿਹੇ ਹੁੰਦੇ ਹਨ, ਜੋ ਆਮ ਆਦਮੀ ਨਾਲੋਂ ਨਵੇਕਲੇ ਤੇ ਨਿਆਰੇ ਹੁੰਦੇ ਹਨ....ਤੇ ਮੈਂ ਇਹ ਸਾਰਾ ਕੁੱਝ ਦੋ-ਦਹਾਕੇ ਤੋਂ ਵੀ ਵੱਧ ਆਪਣੇ ਪਿੰਡੇ ਤੇ ਹੰਢਾਇਆ ਹੋਇਆ ਹੈ। ਪਰ ਮੇਰਾ ਜੋ ਸੱਭ ਤੋਂ ਵੱਖਰਾ ਤੇ ਨਿਰਾਲਾ ਅਨੁਭਵ ਰਿਹਾ, ਉਹ ਉਤਰ ਪ੍ਰਦੇਸ਼ ਦੇ ਉਨ੍ਹਾਂ ਭੂਮੀਹੀਣ ਲੋਕਾਂ ਵਿੱਚ ਕੰਮ ਕਰਨ ਦਾ ਅਨੁਭਵ ਰਿਹਾ ਹੈ, ਜਿਨ੍ਹਾਂ ਨੂੰ ਆਪਾਂ ਦਲਿਤ ਵਰਗ ਕਹਿੰਦੇ ਹਾਂ। ਮੈਂ ਲਗਭਗ ਵੀਹ ਸਾਲ ਤੱਕ ਦਿਨ ਰਾਤ ਉਨ੍ਹਾਂ ਅੰਦਰ ਰਿਹਾ ਹਾਂ। ਇਸ ਕਰਕੇ ਮੈਨੂੰ ਦਲਿਤ ਲੋਕ ਜੀਵਨ ਦੀਆਂ ਤੰਗੀਆਂ, ਦੁਸ਼ਵਾਰੀਆਂ, ਮੰਦਹਾਲੀਆਂ, ਹੀਣਭਾਵਨਾਵਾਂ ਅਤੇ ਸੰਘਰਸ਼ਾਂ ਦਾ ਉਹ ਅਨੁਭਵ ਪ੍ਰਾਪਤ ਹੋਇਆ ਹੈ ਕਿ ਇਸ ਮਾਮਲੇ ਵਿੱਚ ਆਪਣੇ ਆਪ ਨੂੰ ਅਮੀਰ ਆਦਮੀ ਸਮਝਦਾ ਹਾਂ। ਮੈਂ ਲੋਕਾਂ ਦੇ ਮਨਾਂ ਵਿੱਚ ਉਹ ਨਫ਼ਰਤ ਤੇ ਵਿਦਰੋਹ, ਜ਼ਾਤੀਵਾਦੀ ਸਿਸਟਮ ਤੇ ਗੁਰਬਤ-ਕੰਗਾਲੀ ਭਰੀ ਵਿਵਸਥਾ ਦੇ ਵਿਰੁੱਧ ਦੇਖੇ ਹਨ ਜੋ ਜੇ ਠੀਕ ਦਿਸ਼ਾ ਵਿੱਚ ਫੁੱਟ ਨਿਕਲਣ ਤਾਂ ਹਿੰਦੋਸਤਾਨੀ ਸਿਸਟਮ ਦੇ ਇਸ ਕਲੰਕ ਨੂੰ ਸਮਾਜ ਦੇ ਮੱਥੇ ਤੋਂ ਧੋਇਆ ਜਾ ਸਕਦਾ ਹੈ। ਇੰਝ ਹੋਇਆ ਵੀ ਹੈ-ਇਹ ਦਲਿਤ ਲੋਕ, ਅਨੇਕ ਵਾਰ ਅਤੇ ਅਨੇਕ ਥਾਵਾਂ ਤੇ ਇਨਕਲਾਬੀ ਸ਼ਕਤੀ ਬਣ ਕੇ ਨਿਤਰੇ ਹਨ।

? ਪ੍ਰੋ. ਸਾਹਿਬ ਤੁਸੀਂ ਮਨੁੱਖ ਦੀ, ਮਨੁੱਖਤਾ ਦੀ ਬਹਾਲੀ ਤੇ ਬਰਕਰਾਰੀ ਲਈ ਇਕ ਜੱਦੋਜਹਿਦ ਵਿੱਚ, ਤਿੱਖੀ ਸਰਗਰਮੀ ਵਿੱਚ, ਕਾਰਜਸ਼ੀਲ ਰਹੇ ਹੋ। ਇਸ ਜਦੋਜਹਿਦ ਵਿੱਚ ਤੁਹਾਡੀ ਸੁਹਿਰਦਤਾ ਨੇ ਮਨੁੱਖੀ ਬਰਾਬਰੀ ਨੂੰ, ਸੁਤੰਤਰਤਾ ਨੂੰ ਤੇ ਭਾਰਤੀਅਤਾ ਨੂੰ ਆਪਣੇ ਤੌਰ 'ਤੇ ਪ੍ਰਭਾਸ਼ਿਤ ਕੀਤਾ ਹੋਵੇਗਾ। ਤੁਸੀਂ ਆਪਣੇ ਤੌਰ ਤੇ ਗ੍ਰਹਿਣ ਕੀਤੇ ਇਸ ਸੰਕਲਪ ਨੂੰ ਬਿਆਨ ਕਰਨ ਦੀ ਖੇਚਲ ਕਰੋ?
o ਮੇਰੇ ਵਿਚਾਰ ਅਨੁਸਾਰ ਮਨੁੱਖੀ ਬਰਾਬਰੀ, ਸੁਤੰਤਰਤਾ, ਭਾਰਤੀਅਤਾ ਇਤਿਆਦੀ ਸ਼ਬਦ ਸਾਰੇ ਲੋਕਾਂ ਲਈ ਇਕੋ ਜਿਹੇ ਮਹਿਣੇ ਨਹੀਂ ਰੱਖਦੇ। ਇਸ ਲਈ ਇਨ੍ਹਾਂ ਨੂੰ ਨਿਰਪੇਖ (ਅਬੋਲੂਟਏ) ਰੂਪ ਵਿੱਚ ਪਰਭਾਸ਼ਿਤ ਨਹੀਂ ਕੀਤਾ ਜਾ ਸਕਦਾ। ਜੇਕਰ ਅਜਿਹੀ ਭਾਸ਼ਾ ਘੜ੍ਹ ਵੀ ਲਈ ਜਾਏ ਤਾਂ ਸਿਰਫ ਰਸਮੀ ਜਾਂ ਉਪਚਾਰਿਕ ਹੀ ਰਹੇਗੀ। ਇਸ ਤਰ੍ਹਾਂ ਉਂਝ ਕੀਤਾ ਵੀ ਜਾ ਚੁੱਕਾ ਹੈ ਲਗਭਗ ਹਰ ਦੇਸ਼ ਦੇ ਸੰਵਿਧਾਨ ਵਿੱਚ ਇਹ ਸ਼ਬਦ ਦਰਜ ਹਨ ਅਤੇ ਇਨ੍ਹਾਂ ਦੀ ਕਿਸੇ ਨਾ ਕਿਸੇ ਰੂਪ ਵਿੱਚ ਪਰਿਭਾਸ਼ਾ ਵੀ ਮੌਜੂਦ ਹੈ। ਪਰ ਉਹ ਮਹਿਜ਼ ਕਾਗਜ਼ੀ ਕਾਰਵਾਈ ਹੈ। ਆਪਾਂ ਇਹ ਜਾਣਦੇ ਹਾਂ ਕਿ ਅੱਜ ਦੁਨੀਆਂ ਵਿੱਚ ਨਾ ਬਰਾਬਰੀ ਦਾ ਇਹ ਖ਼ੂੰਖਾਰ ਵਰਤਾਰਾ ਕਿਸ ਖਤਰਨਾਕ ਰੂਪ ਵਿੱਚ ਆਪਣਾ ਵਜੂਦ ਰੱਖਦਾ ਹੈ। ਸੱਠ ਪ੍ਰਤੀਸ਼ਤ ਲੋਕਾਂ ਨੂੰ ਦੋ ਵਕਤ ਦੀ ਰੋਟੀ ਵੀ ਨਸੀਬ ਨਹੀਂ ਹੁੰਦੀ।....ਤੇ ਸੁਤੰਤਰਤਾ ਵੀ ਰੈਲੇਟਿਵ ਹੀ ਹੁੰਦੀ ਹੈ, ਵੈਸੇ ਤਾਂ ਇਹ ਮਨ ਦੀ ਮਰਜ਼ੀ ਕਹੀ ਜਾਂਦੀ ਹੈ, ਪਰ ਇਹ ਮਰਜ਼ੀ ਵੀ ਹਰ ਕਿਸੇ ਦੇ ਮਨ ਦੀ ਮਰਜ਼ੀ ਅਨੁਸਾਰ ਨਹੀਂ ਹੋ ਸਕਦੀ। ਇਸ ਮਰਜ਼ੀ ਅੱਗੇ ਇਕ ਪਾਸੇ ਸਮਾਜਿਕ ਮਾਨਤਾਵਾਂ ਤੇ ਕਾਨੂੰਨ ਖੜ੍ਹਾ ਹੁੰਦਾ ਹੈ, ਅਤੇ ਦੂਜੇ

ਪਾਸੇ ਉਸ ਮਨੁੱਖ ਦਾ ਆਪਣਾ ਰੁਤਬਾ, ਹੈਸੀਅਤ ਆਦਿ। ਇਸੇ ਤਰ੍ਹਾਂ ਦੇਸ਼ਾਂ ਤੇ ਕੌਮਾਂ ਵਾਰੇ ਵੀ ਇਹੀ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੂੰ ਸਵੈ ਨਿਰਣੈ ਦਾ ਅਧਿਕਾਰ ਹੈ। ਪਰ ਇਹ ਅਧਿਕਾਰ ਕਿਸ ਨੂੰ ਕਿੰਨਾ ਹੈ ਕਿੰਨਾ ਨਹੀਂ ਆਪਾਂ ਦੇਖ ਹੀ ਰਹੇ ਹਾਂ।

? ਪਰ ਇਨ੍ਹਾਂ ਨੂੰ ਪਰਿਭਾਸ਼ਿਤ ਤਾਂ ਕੀਤਾ ਜਾ ਸਕਦਾ ਹੈ?
੦ ਮੁੱਖ ਸਵਾਲ ਇਹ ਨਹੀਂ ਕਿ ਇਨ੍ਹਾਂ ਨੂੰ ਪਰਭਾਸ਼ਿਤ ਕਿੰਝ ਕੀਤਾ ਜਾਵੇ। ਮੁੱਖ ਸਵਾਲ ਇਹ ਹੈ ਕਿ ਹਾਸਿਲ ਕਿਦਾਂ ਕੀਤਾ ਜਾਵੇ। ਪਰਿਭਾਸ਼ਿਤ ਤਾਂ ਕੀਤਾ ਜਾ ਚੁੱਕਾ ਹੈ। ਸਮਾਜਿਕ ਵਿਗਿਆਨੀਆਂ ਤੋਂ ਲੈ ਕੇ ਸਟੇਟ ਪਾਵਰਾਂ ਤੱਕ ਪਰਭਾਸ਼ਿਤ ਕਰ ਚੁੱਕੀਆਂ ਹਨ। ਪਲੂਟੋ ਤੋਂ ਲੈ ਕੇ ਮਾਓ ਤੱਕ ਇਸ ਪਰਿਭਾਸ਼ਾ ਵਿੱਚ ਅਨੇਕ ਪੜਾਅ ਆਏ ਹਨ, ਕਈ ਤਰ੍ਹਾਂ ਦੇ ਉਤਰਾਅ-ਚੜਾਅ ਆਏ ਹਨ, ਕਈ ਤਰ੍ਹਾਂ ਦੇ ਵਿਕਾਸ ਪ੍ਰਤੀਵਿਕਾਸ ਹੋਏ ਹਨ ਅਤੇ ਮਸਲਾ ਅੱਜ ਵੀ ਉੱਥੇ ਹੀ ਖੜ੍ਹਾ ਹੈ। ਕਈ ਮਾਡਲਾਂ ਦੀ ਹੋਂਦ ਦੇ ਬਾਵਜੂਦ ਬਰਾਬਰੀ ਤੇ ਸੁਤੰਤਰਤਾ ਦਾ ਮਸਲਾ ਹੱਲ ਨਹੀਂ ਹੋ ਸਕਿਆ।

? ਉਹ ਤਾਂ ਠੀਕ ਹੈ ਪਰ ਇਸ ਬਾਰੇ ਤੁਹਾਡੀ ਸੋਚ, ਸੰਕਲਪ ਕੀ ਹੈ?
੦ ਇਸ ਬਾਰੇ ਮੇਰਾ ਸੰਕਲਪ ਇਹ ਹੈ ਕਿ ਇਸ ਸੰਦਰਭ ਵਿੱਚ ਪੂੰਜੀਵਾਦੀ ਮਾਡਲ ਤਾਂ ਚਿਰੋਕਣਾ ਫੇਲ੍ਹ ਹੋ ਚੁੱਕਾ ਹੈ। ਇਸ ਬਰਾਬਰੀ ਦੀ ਥਾਂ ਨਾ ਬਰਾਬਰੀ ਤੇ ਬੇ-ਇਨਸਾਫ਼ੀ ਦਾ ਵਾਹਕ ਹੀ ਬਣਿਆ ਹੈ। ਲੋਕਾਂ ਨੂੰ ਲਿਤਾੜਣ ਵਾਲਾ ਹੀ ਸਿੱਧ ਹੋਇਆ ਹੈ। ਕਿਉਂਕਿ ਇਹ ਮੁਨਾਫਾ ਕਮਾਉਣ ਦੀ ਸੁਤੰਤਰਤਾ ਦਿੰਦਾ ਹੈ ਜੋ ਨਾ-ਬਰਾਬਰੀ ਨੂੰ ਹੋਰ ਵਧਾਉਂਦੀ ਹੈ। ਖ਼ਤਮ ਨਹੀਂ ਕਰਦੀ। ਮਾਰਕਸਵਾਦੀ ਅਨੁਭਵ ਹਾਲੇ ਅਧੂਰਾ ਹੈ ਕਿਉਂਕਿ ਜਿਨ੍ਹਾਂ ਦੇਸ਼ਾਂ ਵਿੱਚ ਮਜ਼ਦੂਰ ਵਰਗ ਸੱਤ੍ਹਾ ਵਿੱਚ ਆ ਵੀ ਗਿਆ, ਉੱਥੇ ਵੀ ਕੁੱਝ ਅਰਸੇ ਬਾਅਦ ਪੂੰਜੀਵਾਦ ਮੁੜ ਕਾਬਜ਼ ਹੋ ਗਿਆ, ਇਸ ਲਈ ਇਸ ਮਾਰਕਸਵਾਦੀ ਮਾਡਲ ਵਿੱਚ ਵਿਕਾਸ ਦੀ ਸੰਭਾਵਨਾ ਨਜ਼ਰ ਆਉਂਦੀ ਹੈ ਤੇ ਇਸ ਵਿਕਾਸ ਦੀ ਲੋੜ ਵੀ ਬੜੀ ਐ। ਮੇਰਾ ਕਹਿਣ ਦਾ ਭਾਵ ਕਿ ਬਰਾਬਰੀ ਤੇ ਸੁਤੰਤਰਤਾ ਅਸਲੀ ਮਾਅਨਿਆਂ ਵਿੱਚ ਜਾਤ ਰਹਿਤ, ਜਮਾਤ ਰਹਿਤ ਅਤੇ ਹਰ ਪ੍ਰਕਾਰ ਦੇ ਭੇਦਭਾਵ ਤੇ ਵਿਤਕਰੇ ਰਹਿਤ ਵਿਸ਼ਵ ਵਿਵਸਥਾ ਨੂੰ ਸਥਾਪਿਤ ਕੀਤੇ ਬਿਨਾਂ ਸੰਭਵ ਨਹੀਂ ਹੈ….ਇਹ ਕੰਮ ਵਿਸ਼ਵ ਸਰਵਹਾਰਾ ਇਨਕਲਾਬ ਤੋਂ ਬਿਨਾਂ ਨਹੀਂ ਹੋ ਸਕਦਾ। ਪਰ ਫਿਲਹਾਲ ਤਾਂ ਉਲਟੀ ਦਿਸ਼ਾ ਚਲ ਰਹੀ ਹੈ। ਨਵ-ਬਸਤੀਵਾਦ ਫਿਰ ਸਿਰ ਚੁੱਕ ਰਿਹਾ ਹੈ। ਸਾਮਰਾਜ ਦੀ ਵਕਤੀ ਚੜ੍ਹਤ ਦਾ ਦੌਰ ਚੱਲ ਰਿਹਾ ਹੈ। ਜੰਗਾਂ ਦੀ ਤਬਾਹੀ ਨਾਲ ਲੋਕ ਮਰ ਰਹੇ ਹਨ। ਬਾਕੀ ਬਚੇ ਤ੍ਰਾਹ-ਤ੍ਰਾਹ ਕਰ ਰਹੇ ਹਨ। ਇਸ ਲਈ ਮੇਰਾ ਵਿਚਾਰ ਇਹ ਹੈ ਕਿ ਸੁਤੰਤਰਤਾ ਤੇ ਬਰਾਬਰੀ ਦੀ ਪ੍ਰਾਪਤੀ ਅਤੇ ਮਨੁੱਖਤਾ ਦੀ ਬਹਾਲੀ ਸਾਮਰਾਜਵਾਦ ਦੇ ਖਾਤਮੇ ਬਿਨਾਂ ਸੰਭਵ ਨਹੀਂ।

? ਪ੍ਰੋ. ਸਾਹਿਬ, ਤੁਸੀਂ ਆਪਣੇ ਸਰੋਕਾਰਾਂ ਅਤੇ ਮੰਤਵਾਂ ਲਈ ਇੱਕ ਸਮੂਹਿਕ ਸਰਗਰਮੀ ਵੀ ਵਿਉਂਤੀ ਹੈ ਤੇ ਹੁਣ ਸਾਹਿਤ ਰਚਨਾ ਵਰਗੀ ਇਕ ਸਿਰਜਨਾਤਮਕ ਵਿਅਕਤੀਗਤ ਸਰਗਰਮੀ ਵਿੱਚ ਵੀ ਕਾਰਜਸ਼ੀਲ ਹੋ। ਦੋਹਾਂ ਸਰਗਰਮੀਆਂ ਵਿੱਚ ਤੁਹਾਨੂੰ ਕਿਹੋ ਜਿਹੀਆਂ ਵਖਰਤਾਵਾਂ ਮਹਿਸੂਸ ਹੁੰਦੀਆਂ ਹਨ।
੦ ਤੁਹਾਡੀ ਗੱਲ ਠੀਕ ਹੈ ਸਾਹਿਤਕ ਅਭਿਵਿਅਕਤੀ ਤੇ ਸਾਹਿਤਕ ਕਿਰਤਾਂ ਕਾਫੀ ਹੱਦ ਤੱਕ ਵਿਅਕਤੀਗਤ ਉਪਰਾਲਾ ਤੇ ਪ੍ਰਯੋਜਨ ਹੀ ਹੁੰਦਾ ਹੈ। ਤੁਸੀਂ ਕਿੰਝ ਕਹਿੰਦੇ ਹੋ, ਯਾਨੀ ਰਚਦੇ ਹੋ ਤੇ ਉਮੀਦ ਕਰਦੇ ਹੋ ਕਿ ਇਹ ਹੋਰ ਲੋਕਾਂ ਤੱਕ ਵੀ ਪਹੁੰਚੇ ਤੇ ਉਹ ਇਹ ਜਾਣਨ ਕਿ ਤੁਸੀਂ ਕੀ ਕਹਿਣਾ ਚਾਹੁੰਦੇ ਹੋ। ਤੁਹਾਡੀ ਇਕ ਵਿਅਕਤੀਗਤ ਪਹਿਚਾਣ ਬਣੇ ਤੇ ਲੋਕ ਤੁਹਾਨੂੰ ਲੇਖਕ ਦੇ ਤੌਰ 'ਤੇ ਜਾਣਨ ਤੇ ਮਾਨਤਾ ਵੀ ਦੇਣ। ਇਹ ਹਰ ਲੇਖਕ ਦੀ ਇੱਛਾ ਹੀ ਨਹੀਂ, ਲਿਖਣ ਦਾ ਇਕ ਮਕਸਦ ਵੀ ਹੁੰਦਾ ਹੈ..ਤੇ ਇਹ ਮਕਸਦ ਵਿਅਕਤੀ ਗਤ ਹੁੰਦਾ ਹੈ। ਉਹ ਸਮਾਜਿਕ ਤਬਦੀਲੀ ਦੇ ਸੰਘਰਸ਼ ਨੂੰ ਸਮਰਥਨ ਦੇਣਾ ਜਿਸ ਨੂੰ ਤੁਸੀਂ ਸਮੂਹਿਕ ਸਰਗਰਮੀ ਕਹਿ ਸਕਦੇ ਹੋ। ਮੈਂ ਇਸ ਪੱਖ ਨੂੰ ਵੱਧ ਮਹੱਤਵ ਦਿੰਦਾ ਹਾਂ ਕਿ ਤੁਹਾਡੇ ਅਨੁਭਵ ਤੇ ਉਨ੍ਹਾਂ ਦੀ ਸਾਹਿਤਕ ਰੂਪਕਾਰੀ ਹੋਰ ਲੋਕਾਂ ਦੇ ਕੰਮ ਵੀ ਆ ਸਕੇ। ਚਾਹੇ ਸਾਹਿਤ ਦਾ ਰੋਲ ਸਮਾਜਿਕ ਤਬਦੀਲੀ ਦਾ ਹਿਰਾਵਲ ਦਸਤਾ ਬਣਨਾ ਤਾਂ ਨਹੀਂ ਹੋ ਸਕਦਾ ਪਰ ਇਸ ਦਾ ਕੰਮ ਸਟੇਟਸਕੋਅ ਨੂੰ ਬਰਕਰਾਰ ਰੱਖਣਾ ਵੀ ਨਹੀਂ ਹੁੰਦਾ। ਇਸੇ ਲਈ ਸਾਹਿਤ ਯਥਾਰਥ ਦਾ ਪੁਨਰ ਉਤਪਾਦਨ ਹੀ ਨਹੀਂ ਹੁੰਦਾ; ਮੇਰਾ ਮਤਲਬ (ਵਰਤਮਾਨ) ਯਥਾਰਥ ਦੀ ਵਿਆਖਿਆ ਕਰਨਾ ਹੀ ਨਹੀਂ ਹੁੰਦਾ। ਉਹ ਯਥਾਰਥ ਸਿਰਜਣਾ ਵੀ ਹੁੰਦਾ ਹੈ ਜੋ ਹਾਲੇ ਹੋਂਦ ਵਿੱਚ ਆਇਆ ਹੀ ਨਹੀਂ ਹੁੰਦਾ। ਤੁਹਾਡੀ ਸਿਰਜਨਾਤਮਕਤਾ ਤੇ ਕਲਾਤਮਕਤਾ ਇਸੇ ਵਿੱਚ ਹੈ ਕਿ ਤੁਸੀਂ ਆਪਣੀਆਂ ਰਚਨਾਵਾਂ ਨੂੰ ਉਸ ਪੱਧਰ ਦੀਆਂ ਬਣਾ ਸਕੋ ਕਿ ਇਹ ਲੋਕ ਪੱਖੀ ਸਮੂਹਿਕ ਸਰਗਰਮੀਆਂ ਦਾ ਇਕ ਅੰਗ ਬਣ ਸਕੇ।

? ਤੁਹਾਡੀ ਵਿਚਾਰਧਾਰਕ ਪ੍ਰਤਿਬੱਧਤਾ ਜੱਗ ਜ਼ਾਹਿਰ ਹੈ।ਸਾਹਿਤ ਦੇ ਖੇਤਰ ਵਿੱਚ ਵਿਚਾਰਧਾਰਕ ਪ੍ਰਤਿਬੱਧਤਾ ਦਾ ਕੀ ਰੋਲ ਹੈ?
੦ ਮਨੁੱਖੀ ਵਿਕਾਸ ਦੇ ਹਰ ਦੌਰ ਵਿੱਚ ਸਹੀ ਵਿਚਾਰਧਾਰਾ ਦਾ ਸਵਾਲ ਸੱਭ ਤੋਂ ਪ੍ਰਮੁੱਖ ਸਵਾਲ ਰਿਹਾ ਹੈ ਅਤੇ ਸੱਭ ਤੋਂ ਵੱਧ ਮਹੱਤਵਪੂਰਨ ਵੀ। ਇਹ ਸਾਹਿਤ ਹੋਵੇ, ਕਲਾ ਜਾਂ ਰਾਜਨੀਤੀ; ਵਿਚਾਰਧਾਰਾ ਦਾ ਸਵਾਲ, ਮੇਰਾ ਮਤਲਬ ਸਹੀ ਵਿਚਾਰਧਾਰਾ ਦਾ ਨਿਰਧਾਰਨ ਤੇ ਪਾਲਣ ਹਰ ਖੇਤਰ ਵਿੱਚ ਮਹੱਤਵਪੂਰਨ ਮੱਸਲਾ ਰਿਹਾ ਹੈ ਤੇ ਹੁਣ ਵਿਚਾਰਧਾਰਾ ਦੇ ਬਾਜ਼ਾਰੀਕਰਨ ਦੇ ਵਰਤਮਾਨ ਦੌਰ ਵਿੱਚ ਸਹੀ ਵਿਚਾਰਧਾਰਾ ਦਾ ਨਿਰਧਰਾਨ ਤੇ ਪਾਲਣ ਹੋਰ ਵੀ ਮਹੱਤਵਪੂਰਨ ਸਮੱਸਿਆਕਾਰ ਬਣ ਗਿਆ ਹੈ। ਜਿਸ ਲਈ ਵਿਚਾਰਧਾਰਕ ਪ੍ਰਤੀਬੱਧਤਾ ਦਾ ਮੱਸਲਾ ਦਰਅਸਲ ਲੋਕਪੱਖੀ ਵਿਚਾਰਧਾਰਾ ਨੂੰ ਜਾਣਨ ਤੇ ਲਾਗੂ ਕਰਨ ਦਾ ਮਸਲਾ ਹੈ। ਜੋ ਸਾਹਿਤਕਾਰ ਇਸ ਗੱਲ ਤੋਂ ਮੁਨਕਰ ਹੁੰਦੇ ਹਨ ਜਾਂ ਵਿਚਾਰਧਾਰਕ ਨਿਰਪੱਖਤਾ ਦੀ ਗੱਲ ਕਰਦੇ ਹਨ ਉਹ ਦਰਅਸਲ ਖੁੱਦ ਵੀ ਸਪੱਸ਼ਟ ਨਹੀਂ ਹਨ ਕਿ ਵਿਚਾਰਧਾਰਾ ਕੀ ਹੁੰਦੀ ਹੈ ਤੇ ਉਹਦਾ ਸਹੀ ਰੋਲ ਕੀ ਹੁੰਦਾ ਹੈ। ਉਹ ਸਾਹਿਤਕਾਰ ਜਾਂ ਤਾਂ ਵਿਚਾਰਧਾਰਾ ਦੇ ਬਾਜ਼ਾਰੀਕਰਨ ਦੀ ਵਰਤਮਾਨ ਬਿਮਾਰੀ ਦਾ ਸ਼ਿਕਾਰ ਹੋ ਗਏ ਹਨ ਜਾਂ ਇਸ ਨੂੰ ਬੁਰੀ ਚੀਜ਼ ਸਮਝ ਕੇ ਰੱਦਣ ਤੱਕ ਚਲੇ ਜਾਂਦੇ ਹਨ। ਕਈ ਵਾਰ ਉਹ ਆਪਣੇ ਆਪ ਨੂੰ ਹਰ ਚੀਜ਼ ਨਾਲੋਂ ਉੱਪਰ, ਹਰ ਵਿਚਾਰਧਾਰਾ ਨਾਲੋਂ ਉੱਪਰ ਹੋਣ ਦੀ ਡੀਂਗ ਮਾਰਨ ਲਈ ਵੀ ਅਜਿਹਾ ਕਹਿੰਦੇ ਜਾਂ ਕਰਦੇ ਹਨ।

? ਸਾਹਿਤ ਵਿੱਚ ਵਿਚਾਰਧਾਰਾ ਦਾ ਹੋਣਾ ਜ਼ਰੂਰੀ ਹੈ?

੦ ਮੇਰੇ ਵਿਚਾਰ ਅਨੁਸਾਰ ਹਰ ਸੁਚੇਤ ਵਿਅਕਤੀ ਦੀ ਆਪਣੀ ਇਕ ਆਊਟ ਲੁੱਕ ਹੁੰਦੀ ਹੈ। ਇਹ ਆਊਟ ਲੁੱਕ ਉਸਦੇ ਹਰ ਸਾਹਿਤਕ ਕਾਰਜ ਵਿੱਚ ਪ੍ਰਗਟ ਹੋਣੀ ਹੀ ਹੁੰਦੀ ਹੈ। ਇਥੋਂ ਤੱਕ ਕਿ ਪਿਆਰ ਸਾਹਿਤ ਵਿੱਚ ਵੀ। ਇਸਨੂੰ ਉਸਦਾ ਨਿੱਜੀ ਅਨੁਭਵ ਕਹਿ ਲਓ; ਭਾਵੇਂ ਕੋਈ ਵੀ ਨਾਂ ਦੇ ਦਿਓ। ਇਸ ਵਿੱਚ ਉਸਦੀ ਅਊਟ ਲੁੱਕ ਹੀ ਹੁੰਦੀ ਹੈ ਜੋ ਸਮਾਜਿਕ ਜੀਵੀ ਦੇ ਤੌਰ ਤੇ ਗ੍ਰਹਿਣ ਕਰਦਾ ਹੈ ਅਤੇ ਕਈ ਸਾਰੇ ਅੰਤਰ-ਵਿਰੋਧਾਂ, ਟਕਰਾਵਾਂ ਤੇ ਕਾਰਜਾਂ ਵਿੱਚ ਵੀ ਗੁਜ਼ਰ ਕੇ ਇਹ ਅਊਟਲੁਕ ਹੋਰ ਸਾਫ ਸਕਦੀ ਹੈ। ਸੋ, ਸਾਹਿਤ ਵਿੱਚ ਵਿਚਾਰਧਾਰਾ ਸਾਹਿਤਕ ਰੂਪ ਵਿੱਚ ਹੀ ਹੁੰਦੀ ਹੈ। ਸਾਹਿਤ ਦੇ ਇਕ ਆਂਤਰਿਕ ਅੰਗ ਦੇ ਰੂਪ ਵਿੱਚ।

? ਤੁਹਾਡਾ ਸਾਹਿਤ ਤੁਹਾਡੇ ਭਰਪੂਰ ਅਨੁਭਵਾਂ ਦੀ ਪੇਸ਼ਕਾਰੀ ਹੈ। ਆਪਣੇ ਸਾਹਿਤ ਦੇ ਹਵਾਲੇ ਨਾਲ ਸਾਹਿਤ ਦੇ ਪ੍ਰਯੋਜਨ ਤੇ ਮਹੱਤਵ ਨੂੰ ਵਿਸ਼ਲੇਸ਼ਿਤ ਕਰੋਗੇ?
੦ ਆਮ ਲੋਕ ਜੀਵਨ ਦੇ ਸੰਘਣੇ ਅਨੁਭਵਾਂ ਦਾ ਡੂੰਘੇ ਰੂਪ ਵਿੱਚ ਹੋਣਾ, ਲੋਕ ਪੱਖੀ ਸਾਹਿਤਕਾਰੀ ਲਈ ਵਰਦਾਨ ਹੀ ਨਹੀਂ, ਇਕ ਲਾਜ਼ਮੀ ਸ਼ਰਤ ਵੀ ਹੈ। ਸਿਰਫ਼ ਸੁਣੀਆਂ-ਸੁਣਾਈਆਂ, ਪੜ੍ਹੀਆਂ-ਪੜ੍ਹਾਈਆਂ, ਕਿਆਸਰਾਈਆਂ ਤੇ ਮਨੋਕਲਪਿਤ ਉਡਾਰੀਆਂ ਨਾਲ ਤੁਸੀਂ ਉਹ ਸਾਹਿਤ ਨਹੀਂ ਰਚ ਸਕਦੇ, ਜਿਨ੍ਹਾਂ ਦੀ ਲੋਕ ਜੀਵਨ ਨੂੰ ਬਦਲਣ ਲਈ ਲੋੜ ਹੈ। ਅੱਜ ਪੰਜਾਬੀ ਸਾਹਿਤਕਾਰੀ ਦਾ ਇਕ ਵੱਡਾ ਹਿੱਸਾ ਲੋਕ ਜੀਵਨ ਤੋਂ ਪਰ੍ਹੇ ਦੀਆਂ ਗੱਲਾਂ ਕਰ ਰਿਹਾ ਹੈ। ਇਸੇ ਕਰਕੇ ਅੱਜ ਉਸ ਪੰਜਾਬੀ ਸਾਹਿਤ ਦਾ ਆਮ ਬੰਦਾ ਪਾਠਕ ਨਹੀਂ ਰਿਹਾ, ਬਹੁਤੇ ਲੇਖਕ ਹੀ ਲੇਖਕ ਨੂੰ ਪੜ੍ਹਦੇ ਹਨ ਜਾਂ ਫਿਰ ਕੁੱਝ ਮਿੱਤਰ ਤੇ ਕੁੱਝ ਖਾਸ ਕਿਸਮ ਦੇ ਜਗਿਆਸੂ ਪਾਠਕ। ਬਹੁਤੇ ਲੇਖਕ ਇਨ੍ਹਾਂ ਦੀ ਵਾਹ-ਵਾਹ ਸੁਣਨ ਲਈ ਹੀ ਲਿਖ ਰਹੇ ਹਨ। ਦਰਅਸਲ ਅੱਜ ਜਿਸ ਪ੍ਰਕਾਰ ਦੇ ਸੱਭਿਆਚਾਰਕ ਸਾਹਿਤਕ ਵਿਸਫੋਟ ਦੀ ਜ਼ਰੂਰਤ ਹੈ, ਖਾਸ ਕਰਕੇ ਸਾਮਰਾਜੀ ਵਿਸ਼ਵੀਕਰਨ ਅਤੇ ਨਵ-ਬਸਤੀਵਾਦ ਦੇ ਵਿਰੁੱਧ ਅਤੇ ਆਮ ਜੀਵਨ ਦੀਆਂ ਦੁਸ਼ਵਾਰੀਆਂ ਦੇ ਵਿਰੁੱਧ ਉਸ ਤੋਂ ਤਥਾਕਥਿਤ ਸਥਾਪਿਤ ਸਾਹਿਤ ਇੱਕ ਹੋਰ ਵਿੱਥ ‘ਤੇ ਜਾ ਖੜੋਇਆ ਹੈ। ਇਸ ਪੱਖ ਨੂੰ ਧਿਆਨ ਵਿੱਚ ਰੱਖ ਕੇ ਹੀ ਮੈਂ ਸੁਚੇਤ ਤੌਰ ‘ਤੇ ਇਹ ਕੋਸ਼ਿਸ਼ ਕਰ ਰਿਹਾ ਹਾਂ ਕਿ ਆਮ ਲੋਕ ਜੀਵਨ ਦੇ ਬੁਨਿਆਦੀ ਮੱਸਲਿਆਂ ਨੂੰ ਫੋਕਸ ਵਿੱਚ ਲਿਆ ਕੇ ਸਾਹਿਤ ਰਾਹੀਂ ਇਕ ਤਿੱਖੀ ਵਿਚਾਰਧਾਰਕ ਡਿਵੇਟ, ਵਿਚਾਰ-ਵਟਾਂਦਰਾ ਤੇ ਸਿਧਾਂਤਕ ਟਕਰਾਅ ਪੈਦਾ ਕੀਤਾ ਜਾਵੇ।

? ਇਸ ਤਰ੍ਹਾਂ ਦੇ ਸਾਹਿਤ ਦਾ ਮੁੱਖ ਆਧਾਰ ਕੀ ਹੈ?
੦ਹਰ ਪ੍ਰਕਾਰ ਦੇ ਸਾਹਿਤ ਦੀ ਪ੍ਰਮਾਣਿਕ ਅੰਤਰ-ਵਸਤੂ ਦੀ ਅਧਾਰਸ਼ਿਲਾ ਸਵੈ-ਜੀਵਨੀ ਤੇ ਲੋਕ ਜੀਵਨ ਹੋ ਸਕਦਾ ਹੈ। ਇਸ ਲਈ ਮੈਂ ਆਪਣੇ ਸਿੱਧੇ ਅਨੁਭਵ ਨੂੰ ਆਪਣੀਆਂ ਸਾਹਿਤਕ ਰਚਨਾਵਾਂ ਵਿੱਚ ਇਕ ਜ਼ਰੂਰੀ ਤੇ ਲੋੜੀਂਦੀ ਅੰਤਰਵਸਤੂ ਦੇ ਤੌਰ ਤੇ ਪੇਸ਼ ਕਰਦਾ ਹਾਂ ਪਰ ਇਹ ਮੇਰੇ ਭੋਗੇ ਹੋਏ ਯਥਾਰਥ ਪੁਨਰ ਦੁਹਰਾਅ ਮਾਤਰ ਨਹੀਂ ਹੁੰਦਾ। ਮੈਂ ਉਹ ਨਵਾਂ ਯਥਾਰਥ ਸਿਰਜਣ ਦੀ ਭਰਪੂਰ ਕੋਸ਼ਿਸ਼ ਕਰਦਾ ਹਾਂ ਜੋ ਹੋਣਾ ਚਾਹੀਦਾ ਹੈ ਤੇ ਜੋ ਸੰਭਵ ਵੀ ਹੈ। ਜਿਸ ਤਰ੍ਹਾਂ ਦਾ ਲੋਕ ਜੀਵਨ ਅਸੀਂ ਲੋਚਦੇ ਹਾਂ। ਉਸ ਦੀ ਪ੍ਰਾਪਤੀ ਲਈ ਲੋੜੀਂਦੇ ਸੰਘਰਸ਼ ਤੇ ਸਹੀ ਰਸਤੇ ਦੀ ਗੱਲ ਵੀ ਸਾਹਿਤ ਰਾਹੀਂ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਮੇਰੇ ਵਿਚਾਰ ਅਨੁਸਾਰ ਸਾਹਿਤ ਦਾ ਪ੍ਰਮੁੱਖ ਪ੍ਰਯੋਜਨ ਵੀ ਇਹੀ ਚਾਹੀਦਾ ਹੈ।

? ਪ੍ਰੋ. ਸਾਹਿਬ ਅਮਰੀਕਾ ਵਿੱਚ ਤੁਹਾਡਾ ਪ੍ਰਵਾਸ ਕਿਨ੍ਹਾਂ ਹਾਲਤਾਂ, ਕਿਨ੍ਹਾਂ ਮੰਤਵਾਂ ਤੋਂ ਪ੍ਰੇਰਿਤ ਸੀ। ਇਸ ਨੇ ਤੁਹਾਡੇ ਜੀਵਨ ਵਿੱਚ ਕਿਹੋ ਜਿਹੀ ਤਬਦੀਲੀ ਲਿਆਂਦੀ ਹੈ?
੦ ਆਇਆ ਤਾਂ ਮੈਂ ਇੱਥੇ ਘੁੰਮਣ ਫਿਰਨ ਹੀ ਸੀ ਪਰ ਮੁੜ ਨਹੀਂ ਸਕਿਆ। ਇਸ ਦਾ ਮੁੱਖ ਕਾਰਨ ਸ਼ਾਇਦ ਇਹ ਹੀ ਸੀ ਕਿ ਮੈਂ ਸਿਸਟਮ ਨੂੰ ਦੇਖ ਕੇ ਇਹ ਲੋੜ ਮਹਿਸੂਸ ਕੀਤੀ ਕਿ ਇਹਦਾ ਪੂਰਾ ਅਧਿਐਨ ਤੇ ਅਨੁਭਵ ਕਰਨਾ ਚਾਹੀਦਾ ਹੈ। ਮੇਰਾ ਮਨ ਬੇ-ਸ਼ੱਕ ਇਥੇ ਕਦੀ ਨਹੀਂ ਲੱਗਿਆ ਪਰ ਮੈਂ ਸਾਹਿਤ ਸਿਰਜਣਾ ਦਾ ਕੰਮ ਜ਼ਰੂਰ ਟਿਕ ਕੇ ਕੀਤਾ ਤੇ ਅਧਿਐਨ ਦਾ ਕੰਮ ਵੀ। ਲਿਖਣ ਦੇ ਕੰਮ ਤੋਂ ਇਲਾਵਾ ਘੁੰਮਣ ਫਿਰਨ ਦਾ ਕੰਮ, ਲੋਕਾਂ ਨੂੰ ਮਿਲਣ ਗਿਲਣ ਦਾ ਕੰਮ... ਤੇ ਸਾਹਿਤਕ ਜਥੇਬੰਦ ਸਰਗਰਮੀਆਂ ਵੀ ਨਿੱਠ ਕੇ ਕੀਤੀਆਂ ਹਨ। ਸਮੁੱਚੀ ਅਮਰੀਕੀ ਪੰਜਾਬੀ ਕਹਾਣੀ ਦਾ ਅਧਿਐਨ ਵੀ ਕੀਤਾ ਅਤੇ ਦੋ ਕਹਾਣੀ ਸੰਗ੍ਰਿਹ ਵੀ ਸਹਿ-ਸੰਪਾਦਿਤ ਕੀਤੇ ‘ਸੁਪਨੇ ਤੇ ਸੰਤਾਪ’ ਅਤੇ ‘ਪੰਖ, ਪਿੰਜਰਾ ਤੇ ਪਰਵਾਜ਼’। ਅੰਗਰੇਜ਼ੀ ਦੇ ਚੋਟੀ ਦੇ ਲੇਖਕਾਂ ਦੇ ਨਾਵਲ ਪੜ੍ਹੇ ਤਾਂ ਮਨ ਲਿਖਣ ਕਾਰਜ ਵਿੱਚ ਹੋਰ ਲੱਗਣ ਲੱਗਾ ਅਤੇ ਪੜ੍ਹਨ ਦਾ ਸੁਆਦ ਆਉਣ ਲੱਗਾ। ਕਈ ਮਲਟੀ-ਬਿਲਅਨਰੀ ਕੰਪਨੀਆਂ ਵਿੱਚ ਨੌਕਰੀ ਕਰਨ ਦਾ ਮੌਕਾ ਮਿਲਿਆ ਤਾਂ ਇਥੋਂ ਦੀ ਆਰਥਿਕ ਉਤਪਾਦਨ ਪ੍ਰਣਾਲੀ ਦੀ ਸਮਝ ਹੋਰ ਚੰਗੀ ਤਰ੍ਹਾਂ ਆਉਣ ਲੱਗੀ ਏ। ਭਾਵੇਂ ਮੈਂ ਬਹੁਤੇ ਡਾਲਰ ਤਾਂ ਨਹੀਂ ਕਮਾ ਸਕਿਆ ਪਰ ਸਿੱਖਿਆ ਬੜਾ ਕੁੱਝ ਏ।

? ਸਤੰਬਰ ਗਿਆਰਾਂ ਦੇ ਅੱਤਵਾਦੀ ਹਾਦਸੇ ਦਾ ਤੁਹਾਡੇ ਸਾਹਿਤ ‘ਤੇ ਕੀ ਅਸਰ ਪਿਆ?
੦ ਸਤੰਬਰ ਗਿਆਰਾਂ ਦੋ ਹਜ਼ਾਰ ਇਕ ਤੋਂ ਬਾਅਦ ਦੀ ਸਾਮਰਾਜੀ ਬੁਖਲਾਹਟ ਤੇ ਹਮਲਾਵਰ ਜੰਗਾਂ ਨੇ ਮੇਰੇ ਸਾਮਰਾਜ ਬਾਰੇ ਚਿੰਤਨ ਨੂੰ ਹੋਰ ਡੂੰਘਾ ਕੀਤਾ ਹੈ। ਇਸ ਸੰਦਰਭ ਵਿੱਚ ਤੇ ਇਸ ਆਤੰਕਵਾਦੀ ਹਮਲੇ ਤੋਂ ਬਾਅਦ ਦੀ ਸਥਿਤੀ ਬਾਰੇ ਮੈਂ ਕੁੱਝ ਕਹਾਣੀਆਂ, ਕਵਿਤਾਵਾਂ ਤੇ ਲੇਖ ਲਿਖੇ ਹਨ ਅਤੇ ਨਵੇਂ ਨਾਵਲ ‘ਬਲਦੇ ਸਿਵਿਆਂ ਦਾ ਸੇਕ’ ਵਿੱਚ ਇਸ ਦਾ ਪਿਛੋਕੜ ਵੀ ਪੇਸ਼ ਕੀਤਾ ਹੈ। ਕਹਾਣੀਆਂ ਵਿੱਚੋਂ ‘ਸਟਾਪ ਇੱਟ’, ‘ਰੇਸ, ਕਲਾਸ ਤੇ ਜੰਗ’, ‘ਗਰਾਉਂਡ ਜ਼ੀਰੋ’ ਆਦਿ ਪਾਠਕਾਂ ਨੇ ਬਹੁਤ ਪਸੰਦ ਕੀਤੀਆਂ ਹਨ।

? ਪਿਛਲੇ ਸਮੇਂ ਵਿੱਚ ਤੁਹਾਡੀ ਰਚਨਾ ਨੇ ਪ੍ਰਵਾਸੀ ਪੰਜਾਬੀ ਬੰਦੇ ਦੇ ਬੜੇ ਖ਼ੌਫਨਾਕ ਸੱਚ ਸਾਹਮਣੇ ਲਿਆਂਦੇ ਹਨ। ਅਮਰੀਕਾ ਵਿੱਚ ਪੰਜਾਬੀ ਬੰਦੇ ਦੀ ਹੋਂਦ ਹੋਣੀ ਬਾਰੇ ਤੁਹਾਡੇ ਕੀ ਵਿਚਾਰ ਹਨ?
੦ ਪਰਵਾਸ ਦਾ ਮਤਲਬ ਹੀ ਇਕ ਜਗ੍ਹਾ ਤੋਂ ਜਾ ਕੇ ਦੂਜੀ ਜਗ੍ਹਾ ਵਸੱਣਾ ਹੈ। ਇਸ ਲਈ ਪਰਵਾਸ ਸਵੈ-ਇਛਤ ਹੋਵੇ, ਸਥਿਤੀਵੱਸ ਹੋਵੇ ਜਾਂ ਮਜ਼ਬੂਰੀ ਵੱਸ ਹਰ ਪ੍ਰਵਾਸੀ ਪਿੱਛੇ ਕੁੱਝ ਨਾ ਕੁੱਝ ਛੱਡ ਕੇ ਆਉਂਦਾ ਹੈ। ਕਈ ਰਿਸ਼ਤੇ, ਜਨਮ ਭੋਇ ਤੇ ਆਪਣਾ ਦੇਸ਼। ਇਹ ਸਾਰਾ ਕੁੱਝ ਇੰਨਾ ਡੂੰਘਾ ਬੰਦੇ ਦੇ ਅੰਦਰ ਵੱਸਿਆ ਹੁੰਦਾ ਹੈ ਕਿ ਭੂ-ਹੇਰਵਾ ਤੇ ਯਾਦਾਂ ਵੀ ਸਤਾਉਂਦੀਆਂ ਹੀ ਹਨ, ਤੇ ਮਨ ਪਿਛੇ

ਪਰਤਣ ਨੂੰ ਵੀ ਲੋਚਦਾ ਹੈ। ਇਸੇ ਵਿੱਚੋਂ ਬੇਗਾਨਗੀ ਪੈਦਾ ਹੁੰਦੀ ਹੈ... ਤੇ ਬੇਗਾਨਗੀ ਦਾ ਇਹ ਦੌਰ ਬੜਾ ਦੁੱਖਦਾਇਕ ਤੇ ਖ਼ੌਫਨਾਕ ਹੁੰਦਾ ਹੈ। ਫਿਰ ਪਰਾਵਾਸੀ ਜ਼ਿੰਦਗੀ ਦੀਆਂ ਆਪਣੀਆਂ ਸਮੱਸਿਆਵਾਂ ਵੀ ਬੜੀਆਂ ਹੁੰਦੀਆਂ ਹਨ। ਕਿਆਸੀਆਂ, ਅਣਕਿਆਸੀਆਂ ਜੋ ਅਚੇਤ ਤੇ ਸੁਚੇਤ ਦੋਨਾਂ ਰੂਪਾਂ ਵਿੱਚ ਬੰਦੇ ਨੂੰ ਤੰਗ ਕਰਦੀਆਂ ਹਨ। ਬੇਸ਼ੱਕ ਬੰਦਾ ਨਵੀਂ ਥਾਂ ਆ ਕੇ ਬੜਾ ਕੁੱਝ ਸਿਖਦਾ ਵੀ ਹੈ ਤੇ ਪ੍ਰਾਪਤ ਵੀ ਕਰਦਾ ਹੈ। ਪਰ ਪੁਰਾਣਾ ਸੱਭ ਕੁੱਝ ਖੁੱਸ ਜਾਂਦਾ ਹੈ, ਖਾਸ ਕਰਕੇ ਮਾਨਤਾਵਾਂ ਤੇ ਸੱਭਿਆਚਾਰ। ਸੁਚੇਤ ਬੰਦੇ ਲਈ ਇਹ ਵੱਧ ਖ਼ੌਫਨਾਕ ਹੁੰਦਾ ਹੈ। ਮੇਰੀਆਂ ਰਚਨਾਵਾਂ ਵਿੱਚ ਕਿਉਂਕਿ ਉਹ ਲੋਕ, ਉਹ ਵਿਅਕਤੀ ਮੇਰੇ ਪਾਤਰ ਬਣੇ ਹਨ ਜੋ ਸੁਚੇਤ ਹਨ ਤੇ ਬੇਹਤਰ ਜ਼ਿੰਦਗੀ ਦੀ ਤਲਾਸ਼ ਵਿੱਚ ਇੱਥੇ ਆਏ ਹਨ, ਇਸ ਲਈ ਉਨ੍ਹਾਂ ਦੀ ਚੇਤਨਾ ਤੇ ਉਨ੍ਹਾਂ ਦੇ ਸੁਪਨੇ ਵੀ ਉਨ੍ਹਾਂ ਨੂੰ ਤੰਗ ਕਰਦੇ ਹਨ। ਉਹ ਨਾ-ਚੀਜ਼ ਬਣਨ ਲਈ ਤਿਆਰ ਨਹੀਂ, ਉਹ ਮਸ਼ੀਨ ਦੇ ਪੁਰਜ਼ੇ ਬਣਨ ਲਈ ਤਿਆਰ ਨਹੀਂ। ਉਹ ਨਸਲਵਾਦੀ ਨਫ਼ਰਤ ਨਹੀਂ ਚਾਹੁੰਦੇ। ਉਹ ਚੰਗਾ ਸਮਾਜ, ਵਧੀਆ ਵਾਤਾਵਰਣ, ਸੋਹਣਾ ਆਲਾ-ਦੁਆਲਾ ਚਾਹੁੰਦੇ ਹਨ। ਜਦੋਂ ਇਹ ਸਾਰਾ ਕੁੱਝ ਨਹੀਂ ਮਿਲਦਾ ਤਾਂ ਕੁੜ੍ਹਦੇ ਹਨ। ਪਹਿਚਾਣ ਨਾ ਹੋਣ ਦਾ ਰੋਣਾ ਰੋਂਦੇ ਹਨ। ਕਹਿੰਦੇ ਕਹਾਉਂਦੇ ਬੰਦੇ ਵੀ ਇੱਥੇ 'ਬਿਨ ਸਿੰਗੇ ਸਾਨ੍ਹ' ਵਾਂਗ ਸਿਰਫ ਬੜ੍ਹਕਾਂ ਹੀ ਮਾਰ ਸਕਦੇ ਹਨ। ਇਸ ਸਿਸਟਮ ਨਾਲ ਟਕਰਾਅ ਨਹੀਂ ਸਕਦੇ ਸਿਰਫ ਭੂ-ਹੇਰਵਾ ਹੀ ਨਹੀਂ, ਸਮਾਜਿਕ ਸੰਘਰਸ਼ ਤੋਂ ਬੇ-ਮੁੱਖਤਾ ਤੇ ਬੇਬਸੀ ਦਾ ਅਹਿਸਾਸ ਵੀ ਪੰਜਾਬੀ ਬੰਦੇ ਦੀ ਹੋਂਦ ਤੇ ਹੋਣੀ ਦਾ ਸੱਚ ਹੈ। ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਅੰਤਰ-ਸੱਭਿਆਚਾਰਕ ਅਤੇ ਪਾਰ-ਸੱਭਿਆਚਾਰਕ ਟਕਰਾਅ ਵੀ ਇਸ ਲਈ ਖ਼ੂੰਖਾਰ ਰੂਪ ਵਿੱਚ ਮੌਜੂਦ ਹਨ।

? ਪ੍ਰੋ. ਸਾਹਿਬ ਇਹ ਪਰਵਾਸੀ ਪੰਜਾਬੀ ਸਾਹਿਤ, ਸਮੁੱਚੇ ਪੰਜਾਬੀ ਸਾਹਿਤ ਵਿੱਚ ਕਿਹੋ ਜਿਹਾ ਯੋਗਦਾਨ ਪਾ ਰਿਹਾ ਹੈ ਤੇ ਕਿਹੋ ਜਿਹਾ ਪਾ ਸਕਦਾ ਹੈ? ਇਨ੍ਹਾਂ ਵਿੱਚ ਕੋਈ ਨਿਖੇੜਾ ਕਰਨਾ ਵਾਜਬ ਹੈ ਜਾਂ ਨਹੀਂ?

੦ ਇਸ ਸਬੰਧ ਵਿੱਚ ਪਹਿਲਾਂ ਵਾਦ ਵਿਵਾਦ ਤਾਂ ਪਰਵਾਸੀ ਸ਼ਬਦ ਨੂੰ ਲੈ ਕੇ ਹੀ ਪੈਦਾ ਹੋ ਗਿਆ ਹੈ। 'ਪਰਵਾਸੀ ਪੰਜਾਬੀ ਸਾਹਿਤ' ਕਿਹਾ ਜਾਵੇ ਜਾਂ 'ਪੰਜਾਬੀ ਸਾਹਿਤ' ? ਮੇਰੇ ਵਿਚਾਰ ਅਨੁਸਾਰ ਪੰਜਾਬ ਤੋਂ ਬਾਹਰ ਰਹਿਣ ਵਾਲੇ ਜਾਂ ਹਿੰਦੋਸਤਾਨ ਤੋਂ ਬਾਹਰ ਰਹਿਣ ਵਾਲੇ ਸਾਰੇ ਪੰਜਾਬੀ ਸਾਹਿਤਕਾਰ ਜੇ ਪੰਜਾਬੀ ਮੰਨੇ ਜਾ ਸਕਦੇ ਹਨ ਤਾਂ ਉਨ੍ਹਾਂ ਦਾ ਰੱਚਿਆ ਸਾਹਿਤ ਵੀ ਪੰਜਾਬੀ ਸਾਹਿਤ ਹੀ ਹੈ। ਪਰ ਹਾਂ, ਪਰਵਾਸ ਦੇ ਮੱਸਲੇ ਨੂੰ ਲੈ ਕੇ ਰਚੇ ਜਾ ਰਹੇ ਸਾਹਿਤ ਨੂੰ ਅਲੱਗ ਤੌਰ 'ਤੇ ਵਿਚਾਰਿਆ ਜਾ ਸਕਦਾ ਹੈ। ਇਸ ਦਾ ਇਕ ਅਲੱਗ ਵੰਨਗੀ ਤੇ ਮੁਲਾਂਕਣ ਵੀ ਕੀਤਾ ਜਾ ਸਕਦਾ ਹੈ, ਉਂਝ ਪਰਵਾਸ ਦੇ ਮੱਸਲੇ ਨੂੰ ਲੈ ਕੇ ਵੀ ਦੋ ਤਰ੍ਹਾਂ ਦਾ ਸਾਹਿਤ ਹੈ - ਇਕ ਖ਼ੁੱਦ ਪਰਵਾਸੀਆਂ ਦੁਆਰਾ ਰੱਚਿਆ ਗਿਆ ਤੇ ਦੂਜਾ ਵਾਸੀ ਜਾਂ ਮੂਲਵਾਸੀ ਸਾਹਿਤਕਾਰਾਂ ਵਲੋਂ ਪਰਵਾਸੀਆਂ ਬਾਰੇ ਲਿੱਖਿਆ ਗਿਆ। ਇਹ ਦੋਨੋਂ ਪ੍ਰਕਾਰ ਦਾ ਸਾਹਿਤ ਮਹੱਤਵਪੂਰਨ ਹੈ ਅਤੇ ਪੂਰੀ ਦੁਨੀਆਂ ਦੇ ਸਾਹਿਤ ਵਿੱਚ ਇਹ ਇਕ ਗੋਲਣਯੋਗ ਗੱਲ ਹੀ ਨਹੀਂ ਸਗੋਂ ਸਮੁੱਚੀ ਸਾਹਿਤਧਾਰਾ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਵੀ ਰੱਖਦਾ ਹੈ।

ਬੇਸ਼ੱਕ ਪਰਵਾਸ ਆਦਿ ਕਾਲ ਤੋਂ ਇਕ ਵਰਤਾਰਾ ਚੱਲਿਆ ਆ ਰਿਹਾ ਹੈ ਅਤੇ ਇਹ ਸਾਹਿਤ ਦਾ ਅੰਗ ਵੀ ਰਿਹਾ ਹੈ ਪਰ ਇਹ ਵਰਤਾਰਾ ਵੀਹਵੀਂ ਸਦੀ ਦੇ ਤਕਨੀਕੀ ਵਿਕਾਸ ਅਤੇ ਇੱਕਵੀਂ ਸਦੀ ਦੇ ਸਾਮਰਾਜੀ ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਮਲਟੀ-ਡਾਈਮੈਂਨਸ਼ਨ ਦਾ ਰੂਪ ਧਾਰ ਗਿਆ ਹੈ। ਇਸੇ ਕਰਕੇ ਪਰਵਾਸ ਦੀ ਸਮੱਸਿਆ ਨੂੰ ਲੈ ਕੇ ਬਹੁ-ਪਰਤੀ, ਬਹੁ-ਵੰਨਗੀ ਅਤੇ ਉੱਚ ਕੋਟੀ ਦਾ ਸਾਹਿਤ ਹੋਂਦ ਵਿੱਚ ਆ ਰਿਹਾ ਹੈ।

? ਸਾਨੂੰ ਪਤਾ ਹੈ ਕਿ ਤੁਹਾਡੀ ਰਚਨਾ ਤੁਹਾਡੇ ਸੰਘਣੇ ਅਨੁਭਵਾਂ ਅਤੇ ਡੂੰਘੇਰੀਆਂ ਪ੍ਰਤੀਬੱਧਤਾਵਾਂ ਵਿੱਚੋਂ ਜਨਮ ਲੈਂਦੀ ਹੈ। ਤੁਹਾਡੀਆਂ ਵਰਤਮਾਨ ਸਿਰਜਣਾਤਮਕ ਸਰਗਰਮੀਆਂ ਕੀ ਹਨ?

੦ ਮੈਂ ਅੱਜ ਕੱਲ੍ਹ ਪਰਵਾਸੀ ਜ਼ਿੰਦਗੀ ਤੇ ਸਾਮਰਾਜੀ ਸਿਸਟਮ ਦਾ ਡੂੰਘਾ ਅਨੁਭਵ ਕਰ ਰਿਹਾ ਹਾਂ। ਪਰਵਾਸੀ ਜ਼ਿੰਦਗੀ ਦੀਆਂ ਸਮੱਸਿਆਵਾਂ ਨੂੰ ਲੈ ਕੇ ਅਤੇ ਪੰਜਾਬ ਤਰਾਸਦੀ ਦੇ ਪਰਵਾਸੀ ਪੰਜਾਬੀਆਂ 'ਤੇ ਪਏ ਪ੍ਰਭਾਵ ਨੂੰ ਲੈ ਕੇ ਮੇਰਾ ਲਿਖਿਆ ਨਾਵਲ 'ਬਲਦੇ ਸਿਵਿਆਂ ਦਾ ਸੇਕ' ਛਪ ਕੇ ਮਾਰਕਿਟ ਵਿੱਚ ਆ ਗਿਆ ਹੈ। ਕਹਾਣੀ ਵਿੱਚ ਵੀ 'ਬਿਨ ਸਿੰਗੇ ਸਾਨ੍ਹ' ਕਹਾਣੀ ਸੰਗ੍ਰਹਿ ਤੋਂ ਬਾਅਦ ਮੈਂ ਅੱਧੀ ਦਰਜ਼ਨ ਤੋਂ ਵੱਧ ਕਹਾਣੀਆਂ ਲਿਖੀਆਂ ਹਨ ਤੇ ਇਹ ਸਿਲਸਿਲਾ ਚੱਲਿਆ ਜਾ ਰਿਹਾ ਹੈ ਮੈਨੂੰ ਫ਼ਾਰਸ ਵੀ ਜ਼ਰੂਰ ਦੇ ਰਿਹਾ ਹੈ। ਬੇਸ਼ੱਕ ਕਵਿਤਾ ਦੀ ਰਚਨਾ ਕਿਰਿਆ ਕਾਫੀ ਮੱਠੀ ਪੈ ਗਈ ਹੈ ਪਰ ਜਾਰੀ ਹੈ, ਇਸ ਤੋਂ ਇਲਾਵਾ ਮੈਂ ਪਿਛਲੇ ਸਮੇਂ ਤੋਂ ਕੁੱਝ ਲੇਖ ਤੇ ਨਿਬੰਧ ਵਿੱਧੀਬੱਧ ਤਰੀਕੇ ਨਾਲ ਲਿਖਣ ਦੀ ਵੀ ਕੁੱਝ ਕੋਸ਼ਿਸ਼ ਕਰ ਰਿਹਾ ਹਾਂ। ਸਾਹਿਤਕ ਮੱਸਲਿਆਂ ਬਾਰੇ ਲੇਖ, ਸ਼ਾਇਦ ਮੇਰੇ ਅਜਿਹੇ ਕੁੱਝ ਲੇਖ ਪੰਜਾਬੀ ਸੁਚੇਤ ਪਾਠਕਾਂ ਦੀ ਨਜ਼ਰ ਵਿੱਚ ਆਏ ਵੀ ਹੋਣਗੇ ਜੋ ਰਸਾਲਿਆਂ ਵਗੈਰਾ ਵਿੱਚ ਛੱਪ ਚੁੱਕੇ ਹਨ।

? ਭਵਿੱਖ ਵਿੱਚ ਤੁਹਾਡੀਆਂ ਕੀ ਯੋਜਨਾਵਾਂ ਹਨ? ਸਾਹਿਤ ਦੇ ਸੱਚ, ਜੀਵਨ ਦੇ ਸੱਚ ਅਤੇ ਮਨੁੱਖੀ ਇਤਿਹਾਸ ਦੇ ਸੱਚ ਨੂੰ ਤੁਸੀਂ ਇਨ੍ਹਾਂ ਯੋਜਨਾਵਾਂ ਵਿੱਚ ਕਿਵੇਂ ਸਮੋ ਰਹੇ ਹੋ?

੦ ਭੱਵਿੱਖ ਬਾਰੇ ਤਾਂ ਸਿਰਫ਼ ਸੁਫ਼ਨੇ ਈ ਆ, ਬੱਸ ਸੁਫ਼ਨੇ ਈ ਆ। ਬੱਸ, ਸੁਫ਼ਨੇ ਘੜ੍ਹਦਾ ਰਹਿੰਨਾ। ਸੋਚਦਾਂ ਪੂਰੇ ਸਾਮਰਾਜੀ ਯੁੱਗ ਬਾਰੇ ਇਕ ਨਾਵਲ ਲਿਖਾਂ....ਇਸ ਦੀਆਂ ਖ਼ੂੰਖਾਰ ਜੰਗਾਂ ਤਬਾਹੀਆਂ, ਸਾਜਿਸ਼ਾਂ ਅਤੇ ਇਸ ਰਾਹੀਂ ਕੀਤੇ ਮਨੁੱਖਤਾ ਦੇ ਘਾਣ ਬਾਰੇ। ਇਸਦੇ ਵਿਰੁੱਧ ਹੋਏ ਇਨਕਲਾਬਾਂ ਬਾਰੇ ਅਤੇ ਉਨ੍ਹਾਂ ਦੀਆਂ ਸਫਲਤਾਵਾਂ ਬਾਰੇ। ਤੇ ਜਿਥੋਂ ਤੱਕ ਸੱਚ ਦਾ ਸਵਾਲ ਹੈ ਇਹ ਹਮੇਸ਼ਾਂ ਰੈਲੇਟਿਵ ਹੀ ਰਿਹਾ ਹੈ। ਸੱਚ ਕੋਈ ਵੀ ਹੋਵੇ - ਸਾਹਿਤ ਦਾ ਸੱਚ. ਜੀਵਨ ਦਾ ਸੱਚ, ਮਨੁੱਖੀ ਇਤਿਹਾਸ ਦਾ ਸੱਚ ਜਾਂ ਕੋਈ ਹੋਰ ਸੱਚ ਉਹ ਰੈਲੇਟਿਵ ਹੀ ਹੁੰਦਾ ਹੈ। ਜਿਵੇਂ ਸਾਹਿਤ ਵਿੱਚ ਗਲਪਨਿਕ ਸੱਚ ਹੁੰਦਾ ਹੈ। ਜ਼ਿੰਦਗੀ ਇਕ ਯਥਾਰਥਕ ਸੱਚ ਹੁੰਦਾ ਹੈ। ਇਤਿਹਾਸ ਲੋਕਾਂ ਦਾ ਸਿਰਜਿਆ ਤੇ ਇਤਿਹਾਸਕਾਰਾਂ ਦਾ ਲਿਖਿਆ ਸੱਚ ਹੁੰਦਾ ਹੈ।ਇਨ੍ਹਾਂ ਸਾਰਿਆਂ ਸੱਚਾਂ ਦਾ ਸਿਰਜਕ ਮਨੁੱਖ ਆਪ ਹੈ ਤੇ ਉਹਦੀ ਸੋਚ ਹੈ। ਕੋਈ ਗੈਬੀ ਸ਼ਕਤੀ ਜਾਂ ਰੱਬ ਨਹੀਂ। ਸਾਹਿਤ ਕਿਤੇ ਉਪਰੋਂ ਨਹੀਂ ਉਤਰਦਾ। ਮਨੁੱਖੀ ਜੀਵਨ ਦੇ ਯਥਾਰਥ ਤੇ ਉਸਦੇ ਅਨੁਭਵਾਂ ਦੀ ਕਸੀਦਾਕਾਰੀ 'ਚੋਂ ਨਿਕਲਦਾ ਹੈ। ਮੇਰਾ ਸੱਚ ਹੋਰ ਹੈ, ਰੱਬਵਾਦੀਆਂ ਤੇ ਸਾਮਰਾਜੀ ਲੁਟੇਰਿਆਂ ਦਾ ਹੋਰ। ਮੇਰੀਆਂ ਯੋਜਨਾਵਾਂ ਉਸੇ ਸੱਚ ਦੀ ਨਿਸ਼ਾਨਦੇਹੀ ਕਰਨ ਵੱਲ ਨੂੰ ਤੁਰਦੀਆਂ ਹਨ, ਜੋ ਸੱਚ ਲੋਕਾਂ ਲਈ ਵੀ ਸੱਚ ਸਿੱਧ ਹੋ ਸਕੇ।

? ਪ੍ਰੋ. ਸਾਹਿਬ, ਹਰ ਜੂਝਦੇ ਬੰਦੇ ਨੂੰ ਪਿੱਠ ਲਾਉਣ ਲਈ ਇਕ ਮਜ਼ਬੂਤ ਤੇ ਸੁਰੱਖਿਅਤ ਢਾਰਸ ਦੀ ਲੋੜ ਹੁੰਦੀ ਹੈ। ਮੇਰਾ ਖਿਆਲ ਹੈ ਕਿ ਸ੍ਰੀਮਤੀ ਪਰਮਜੀਤ ਭਾਨੂੰ ਤੁਹਾਡੀ ਅਜਿਹੀ ਹੀ ਢਾਰਸ ਹੈ। ਤੁਹਾਡਾ ਕੀ ਖਿਆਲ ਹੈ?

o ਮੈਂ ਵੀ ਜਦੋਂ ਕਿਤੇ ਟੁੱਟ ਕੇ ਖਿਲਰਦਾ ਹਾਂ ਤਾਂ ਭਾਨੂੰ ਮੈਨੂੰ ਢਰਾਸ ਜ਼ਰੂਰ ਦਿੰਦੀ ਹੈ। ਕਈ ਵਾਰ ਜਦੋਂ ਉਹ ਤਾਰ ਤਾਰ ਹੋ ਕੇ ਖਿਲਰਦੀ ਹੈ ਤਾਂ ਮੈਂ ਵੀ ਕੋਸ਼ਿਸ਼ ਕਰਦਾ ਹਾਂ ਕਿ ਉਹ ਮੇਰੀਆਂ ਬਾਹਾਂ ਵਿੱਚ ਖਿਲਰੇ। ਅਸੀਂ ਦੋਨਾਂ ਨੇ ਇਕ ਦੂਜੇ ਨੂੰ ਪਾਉਣ ਲਈ ਇਕ ਵੱਡੀ ਕੀਮਤ ਤਾਰੀ ਹੈ ਅਤੇ ਇਹ ਪਹਿਲੂ ਵੀ ਸਾਡੀ ਢਾਰਸ ਬਣਦਾ ਹੈ ਕਿ ਅਸੀਂ ਜ਼ਿੰਦਗੀ ਦਾ ਸੰਗਰਾਮ ਜਾਰੀ ਰੱਖਣ ਲਈ ਇਕੱਠੇ ਹੋਏ ਹਾਂ। ਸਾਡੀ ਦੋਨਾਂ ਦੀ ਸੱਭ ਤੋਂ ਵੱਡੀ ਸਾਂਝ ਹੀ ਇਹ ਹੈ ਕਿ ਅਸੀਂ ਸਮੁੱਚੀ ਮਨੁੱਖਤਾ ਦੀ ਬਿਹਤਰੀ ਲਈ ਸੋਚਦੇ ਹਾਂ। ਇਸੇ ਦ੍ਰਿਸ਼ਟੀਕੋਣ ਤੋਂ ਸਾਹਿਤ ਰਚਨਾ ਕਰਦੇ ਹਾਂ